# ਵਾਯੂ ਅਧਿਐਨ

# ਅੱਯੂਬ ਦੀਆਂ ਭਾਵਨਾਵਾਂ

ਡਾਕਟਰੇਟ ਦੀ ਪੜ੍ਹਾਈ ਪੂਰੀ ਕਰਨ ਲਈ ਨਿਬੰਧ ਲਿਖਣ ਵਾਸਤੇ ਅੱਯੂਬ ਦੀ ਪੁਸਤਕ ਤੇ ਖੋਜ ਕਰਦੇ ਸਮੇਂ, ਮੈਂ ਐਚ. ਵੀਹਲਰ ਰੌਬਿਨਸਨ ਦੁਆਰਾ ਵਿਚਾਰ-ਉਤੇਜਕ ਪੁਸਤਕ ਪੜ੍ਹੀ।[1] ਹਾਲਾਂਕਿ ਮੈਂ ਕਈ ਸਿੱਟਿਆਂ ਅਤੇ ਰੌਬਿਨਸਨ ਦੁਆਰਾ ਅੱਯੂਬ ਦੇ ਸੰਬੰਧ ਵਿਚ ਕੀਤੇ ਗਏ *ਪੂਰਵ* ਨਿਰਣਿਆਂ ਨਾਲ ਸਹਿਮਤ ਨਹੀਂ ਹਾਂ, ਪਰ ਮੈਨੂੰ ਲੱਗਦਾ ਹੈ ਕਿ ਇਹ ਪੁਸਤਕ ਅੱਯੂਬ ਦੀ ਸੋਚ ਪ੍ਰਕਿਰਿਆ ਦਾ ਇਕ ਮਦਦਗਾਰ ਵਿਸ਼ਲੇਸ਼ਣ ਹੋਵੇਗੀ।

## ਅੱਯੂਬ ਦੀਆਂ ਸੁਭਾਵਕ ਭਾਵਨਾਵਾਂ

3 ਤੋਂ ਲੈ ਕੇ 31 ਅਧਿਆਵਾਂ ਵਿਚ ਪਾਏ ਜਾਣ ਵਾਲੇ ਅੱਯੂਬ ਦੇ ਕਾਵਿਕ ਉਪਦੇਸ਼ਾਂ ਵਿਚ, ਰੌਬਿਨਸਨ ਨੇ ਟਿੱਪਣੀ ਕੀਤੀ ਕਿ “ਅਸੀਂ ਤਰਕਸ਼ੀਲ ਸੋਚ ਦੀ ਬਜਾਇ ਸੁਭਾਵਕ ਭਾਵਨਾ ਦੇ ਖੇਤਰ ਵਿਚ ਅੱਗੇ ਵੱਧ ਰਹੇ ਹਾਂ।”[2] ਰੌਬਿਨਸਨ ਨੇ ਵੱਖੋ-ਵੱਖਰੇ ਅਧਿਆਵਾਂ ਵਿਚ ਅੱਯੂਬ ਦੀ ਸੋਚ ਨੂੰ ਰੇਖਾ-ਚਿੱਤਰ ਨਾਲ ਸਪੱਸ਼ਟ ਰੂਪ ਵਿਚ ਪ੍ਰਦਰਸ਼ਿਤ ਕੀਤਾ ਜਿੱਥੇ ਉਸ ਨੇ ਗੱਲਬਾਤ ਦੇ ਨਾਲ ਜਾਂ ਤਾਂ ਨਿਰਾਸ਼ਾ ਵਿਚ ਲਕੀਰ ਤੋਂ ਹੇਠਾਂ ਜਾਣ ਜਾਂ ਆਸਾ ਵਿਚ ਉਸ ਤੋਂ ਉੱਪਰ ਉੱਠਣ ਦੇ ਨਾਲ ਦੁੱਖ ਦੀ ਇਕ ਲੇਟਵੀਂ ਲਕੀਰ ਦਿਖਾ ਕੇ ਗੱਲ ਕੀਤੀ ਸੀ।[3]

ਅਸੀਂ ਸਾਰੇ ਜਾਣਦੇ ਹਾਂ ਕਿ ਦੁੱਖਾਂ ਵਿਚ ਅਨੁਭਵ ਕੀਤੀਆਂ ਗਈਆਂ ਭਾਵਨਾਵਾਂ ਸਿੱਧੀ ਲਕੀਰ ਵਿਚ ਨਹੀਂ ਜਾਂਦੀਆਂ। ਇਕ ਵਿਅਕਤੀ ਨਿਰਾਸ਼ਾ ਦੇ ਨਿਚਲੇ ਬਿੰਦੂਆਂ ਤੇ ਪਹੁੰਚ ਸਕਦਾ ਹੈ ਜਿਨ੍ਹਾਂ ਦੀ ਪਾਲਣਾ ਉੱਚ ਪੱਧਰੀ ਉਮੀਦ ਦੇ ਬਾਅਦ ਕੀਤੀ ਜਾਂਦੀ ਹੈ, ਫਿਰ ਦੁਬਾਰਾ ਨਿਰਾਸ਼ਾ ਵੱਲ ਵਾਪਸ ਆ ਸਕਦਾ ਹੈ। ਮੈਂ ਅੱਯੂਬ ਦੀਆਂ ਇਹ “ਸੁਭਾਵਕ ਭਾਵਨਾਵਾਂ” ਨੂੰ ਪੁਸਤਕ ਵਿਚ ਇਕ ਸੱਚੀ, ਪ੍ਰਮਾਣਿਤ ਟਿੱਪਣੀ ਵਜੋਂ ਵੇਖਦਾ ਹਾਂ। ਉਹ ਮੈਨੂੰ ਯਕੀਨ ਦਿਵਾਉਂਦੀਆਂ ਹਨ ਕਿ ਅਸੀਂ ਅਸਲੀ ਜੀਵਨ ਦੀ ਸਥਿਤੀ ਵਿਚ ਇਕ ਅਸਲੀ ਵਿਅਕਤੀ ਨਾਲ ਵਿਹਾਰ ਕਰ ਰਹੇ।

ਰੌਬਿਨਸਨ ਦੀ ਲੇਟਵੀਂ ਲਕੀਰ ਨੇ ਅੱਯੂਬ ਦੁਆਰਾ ਅਧਿਆਇ 3 ਵਿਚ ਵਿਅਕਤ ਕੀਤੇ ਗਏ ਦੁੱਖ ਦੀ ਵੱਲ ਇਸ਼ਾਰਾ ਕੀਤਾ। ਫਿਰ ਉਸ ਨੇ ਇਕੱਲੇਪਣ (ਅਧਿਆਇ 6), ਕੁੜੱਤਣ (ਅਧਿਆਇ 7) ਅਤੇ ਬੇਬਸੀ (ਅਧਿਆਇ 9) ਦੇ ਹੇਠਾਂ ਦੀ ਵੱਲ ਸਰਪਿਲ ਦਾ ਪਤਾ ਲਗਾਇਆ। ਇਸ ਤੋਂ ਬਾਅਦ ਅੱਯੂਬ ਨੇ ਨਿਰਾਸ਼ਾ ਤੋਂ ਉੱਪਰ ਉੱਠ ਕੇ ਪਰਮੇਸ਼ੁਰ ਨੂੰ ਅਪੀਲ ਕੀਤੀ (ਅਧਿਆਇ 10), ਰਵਾਇਤੀ ਸਿਧਾਂਤਾਂ ਦੀ ਅਸਫ਼ਲਤਾ ਦੀ ਚਰਚਾ (ਅਧਿਆਇ 12; 13) ਅਤੇ ਆਸ ਦਾ ਇਕ ਅਸਥਾਈ ਪ੍ਰਗਟਾਵਾ (ਅਧਿਆਇ 14)। ਫਿਰ ਅੱਯੂਬ ਦੁਬਾਰਾ ਨਿਰਾਸ਼ਾ ਦੀ ਡੂੰਘਾਈ ਵਿਚ ਸੀ ਕਿਉਂਕਿ ਉਸ ਨੇ ਪਰਮੇਸ਼ੁਰ ਨੂੰ ਆਪਣਾ ਦੁਸ਼ਮਣ ਸਮਝਿਆ ਸੀ (ਅਧਿਆਇ 16; 17)। ਇਹ ਆਸ ਦੇ ਸਭ ਤੋਂ ਉੱਚੇ ਬਿੰਦੂ ਦੇ ਤੁਰੰਤ ਬਾਅਦ ਸੀ ਜਿਵੇਂ ਕਿ ਉਸ ਨੇ ਇਕਰਾਰ ਕੀਤਾ ਸੀ, “ਮੈਂ ਤਾਂ ਜਾਣਦਾ ਹਾਂ ਭਈ ਮੇਰਾ ਨਿਸਤਾਰਾ ਦੇਣ ਵਾਲਾ ਜੀਉਂਦਾ ਹੈ” (ਅਧਿਆਇ 19)। ਅੱਯੂਬ ਤੁਰੰਤ ਨਿਰਾਸ਼ਾ ਦੀਆਂ ਡੂੰਘਿਆਈਆਂ ਵਿਚ ਪਰਤ ਆਇਆ ਜਦੋਂ ਉਸ ਨੇ ਅਨੈਤਿਕ ਸੰਸਾਰ (ਅਧਿਆਇ 21) ਅਤੇ ਦੂਰ ਅੰਦੇਸ਼ੀ ਦੇ ਰਹੱਸਾਂ (ਅਧਿਆਇ 23; 24) ਤੇ ਵਿਚਾਰ ਕੀਤਾ। ਅੱਯੂਬ ਦੀਆਂ ਅੰਤਿਮ ਗੱਲਾਂ ਨਿਰਾਸ਼ਾ ਤੋਂ ਉੱਪਰ ਉੱਠ ਗਈਆਂ

ਜਦੋਂ ਅੱਯੂਬ ਨੇ ਪਰਮੇਸ਼ੁਰ ਦੀ ਮਹਾਨਤਾ (ਅਧਿਆਇ 26), ਬੁਰਿਆਈ ਦੇ ਸਰਬਨਾਸ਼ (ਅਧਿਆਇ 27) ਅਤੇ ਬੁੱਧ ਦੀ ਮਹਾਨਤਾ (ਅਧਿਆਇ 28) ਤੇ ਵਿਚਾਰ ਕੀਤਾ। ਉਹ ਆਪਣੀਆਂ ਯਾਦਾਂ (ਅਧਿਆਇ 29) ਅਤੇ ਨਮੋਸ਼ੀ (ਅਧਿਆਇ 30) ਵਿਚ ਨਿਰਾਸ਼ਾ ਦੀ ਸਥਿਤੀ ਵਿਚ ਵਾਪਸ ਚਲਾ ਗਿਆ। ਉਸ ਨੇ ਆਪਣੀਆਂ ਗੱਲਾਂ ਨੂੰ ਇਕ ਆਖ਼ਰੀ ਚੁਣੌਤੀ ਦੇ ਉੱਚੇ ਬਿੰਦੂ ਤੇ ਬੰਦ ਕਰ ਦਿੱਤਾ (ਅਧਿਆਇ 31) ਜੋ ਕਿ ਪੁਰਾਣੇ ਨੇਮ ਵਿਚ ਪਾਈਆਂ ਜਾਣ ਵਾਲੀਆਂ ਨੈਤਿਕ ਕਦਰਾਂ ਕੀਮਤਾਂ ਦੇ ਸਭ ਤੋਂ ਉੱਤਮ ਪ੍ਰਗਟਾਵਿਆਂ ਵਿੱਚੋਂ ਇਕ ਹੈ।

ਆਪਣੇ ਅਧਿਐਨਾਂ ਦੁਆਰਾ ਮੈਂ ਇਸ ਤੱਥ ਤੋਂ ਵੀ ਜਾਣੂ ਹੋ ਗਿਆ ਹਾਂ ਕਿ ਅੱਯੂਬ ਅਤੇ ਤਿੰਨ ਮਿੱਤਰਾਂ ਵਿਚ ਇੰਨੀ ਗੱਲਬਾਤ ਨਹੀਂ ਹੋ ਰਹੀ ਸੀ ਜਿੰਨਾ ਕਿ ਉਹ ਸਾਰੇ ਇੱਕੋ ਸਮੱਸਿਆ ਨੂੰ ਵੇਖ ਰਹੇ ਸਨ: ਇਕ ਕਥਿਤ ਧਰਮੀ ਵਿਅਕਤੀ ਦਾ ਦੁੱਖ। ਕੋਈ ਵੀ ਅੱਯੂਬ ਦੀਆਂ ਗੱਲਾਂ ਨੂੰ ਤਿੰਨਾਂ ਮਿੱਤਰਾਂ ਦੀਆਂ ਗੱਲਾਂ ਦੇ ਸੰਦਰਭ ਦੇ ਬਿਨਾ ਉਨ੍ਹਾਂ ਦੀ ਸੰਪੂਰਨਤਾ ਵਿਚ ਪੜ੍ਹ ਸਕਦਾ ਹੈ। ਕੋਈ ਵੀ ਵਿਅਕਤੀ ਤਿੰਨਾਂ ਮਿੱਤਰਾਂ ਵਿੱਚੋਂ ਹਰੇਕ ਦੀਆਂ ਗੱਲਾਂ ਨੂੰ ਸੰਪੂਰਨਤਾ ਵਿਚ ਵੀ ਪੜ੍ਹ ਸਕਦਾ ਹੈ। ਉਹ ਇਕ ਦੂਜੇ ਨਾਲ ਇੰਨੀ ਬਹਿਸ ਨਹੀਂ ਕਰ ਰਹੇ ਹਨ ਜਿੰਨਾ ਨਿਰਦੋਸ਼ ਦੁੱਖ ਦੀ ਸਮੱਸਿਆ ਦੀ ਜਾਂਚ ਕਰ ਰਹੇ ਹਨ। ਬੇਸ਼ੱਕ, ਅਜਿਹੀਆਂ ਥਾਵਾਂ ਹਨ ਜਿੱਥੇ ਉਹ ਸਿੱਧੇ ਤੌਰ ਤੇ ਇਕ ਦੂਜੇ ਨੂੰ ਜਵਾਬ ਦਿੰਦੇ ਹਨ, ਪਰ ਆਮ ਤੌਰ ਤੇ ਉਹ ਸਿਰਫ ਇਕ ਧਰਮੀ ਵਿਅਕਤੀ ਦੇ ਡੂੰਘੇ ਦੁੱਖ ਦੀ ਸਮੱਸਿਆ ਦੀ ਜਾਂਚ ਕਰ ਰਹੇ ਹਨ।

## ਅੱਯੂਬ ਦੀਆਂ ਭਾਵਨਾਵਾਂ ਦਾ ਵਿਸ਼ਲੇਸ਼ਣ

ਅੱਯੂਬ ਨੇ ਆਪਣੀ ਚੁੱਪੀ ਨੂੰ ਤੋੜਿਆ ਜਦੋਂ ਉਸ ਨੇ ਅਧਿਆਇ 3 ਵਿਚ ਆਪਣੇ ਦੁੱਖ ਦੀ ਤੀਬਰਤਾ ਨੂੰ ਵਿਅਕਤ ਕੀਤਾ। ਉਸ ਦੇ ਦੁੱਖ ਦੇ ਉਬਾਲ ਨੇ ਉਨ੍ਹਾਂ ਸਾਰੇ ਵਿਚਾਰ-ਵਟਾਂਦਰਿਆਂ ਨੂੰ ਸਥਾਪਤ ਕੀਤਾ ਜੋ ਅੱਗੇ ਕੀਤੇ ਜਾਣ ਵਾਲੇ ਸਨ। ਉਸ ਦੀਆਂ ਗੱਲਾਂ ਤਿੰਨ ਮਿੱਤਰਾਂ ਨੂੰ ਹੈਰਾਨ ਕਰ ਦਿੱਤਾ ਜੋ ਅੱਯੂਬ ਨਾਲ ਸੱਤ ਦਿਨ ਚੁੱਪ ਬੈਠੇ ਰਹੇ ਸਨ (2:13)। ਉਸ ਦੀਆਂ ਗੱਲਾਂ ਨਾਲ ਉਹ ਬੌਖਲਾ ਗਏ ਸਨ। ਅਧਿਆਇ 3 ਨੇ ਉਨ੍ਹਾਂ ਕਾਵਿਕ ਉਪਦੇਸ਼ਾਂ ਦੀ ਸ਼ੁਰੂਆਤ ਕੀਤੀ ਜੋ 42:7 ਤੱਕ ਜਾਰੀ ਰਹਿਣਗੇ।

ਅਧਿਆਇ 6 ਨੇ ਉਸ ਇਕੱਲੇਪਣ ਨੂੰ ਵਿਅਕਤ ਕੀਤਾ ਜੋ ਅੱਯੂਬ ਮਹਿਸੂਸ ਕਰ ਰਿਹਾ ਸੀ। ਉਸ ਨੂੰ ਲੱਗਾ ਕਿ ਉਸ ਨੂੰ ਪਰਮੇਸ਼ੁਰ ਅਤੇ ਉਸ ਦੇ ਮਿੱਤਰਾਂ ਨੇ ਤਿਆਗ ਦਿੱਤਾ ਸੀ। ਮਿੱਤਰ ਉਨ੍ਹਾਂ ਸੁੱਕੀਆਂ ਵਾਦੀਆਂ ਵਾਂਢੁ ਧੋਖੇਬਾਜ਼ ਹੋ ਗਏ ਸਨ ਜਿੱਥੇ ਰੇਗਿਸਤਾਨ ਦੇ ਮੁਸਾਫ਼ਰ ਪਾਣੀ ਲੱਭਣ ਦੀ ਉਮੀਦ ਵਿਚ ਚਲੇ ਗਏ ਸਨ (6:15)। ਉਨ੍ਹਾਂ ਨੂੰ ਦਯਾ ਦਿਖਾਉਣੀ ਚਾਹੀਦੀ ਸੀ, ਪਰ ਇਸ ਦੀ ਬਜਾਇ ਉਨ੍ਹਾਂ ਨੇ ਅੱਯੂਬ ਦੇ ਜੀਵਨ ਵਿਚ ਕਿਸੇ ਕਥਿਤ ਗੁਪਤ ਪਾਪ ਦੇ ਕਾਰਣ ਉਸ ਵੱਲ ਇਲਜ਼ਾਮ ਲਾਉਣ ਵਾਲੀ ਉਂਗਲ ਕੀਤੀ।

ਇਹ ਇਕੱਲਾਪਣ ਕੁਦਰਤੀ ਤੌਰ ਤੇ ਅਧਿਆਇ 7 ਵਿਚ ਵਿਅਕਤ ਕੀਤੀ ਕੁੜੱਤਣ ਦੀ ਵੱਲ ਲੈ ਗਿਆ। ਜਦੋਂ ਕਿ ਪਿਛਲੇ ਅਧਿਆਇ ਵਿਚ ਤਿੰਨ ਮਿੱਤਰਾਂ ਨੂੰ ਸੰਬੋਧਿਤ ਕੀਤਾ ਗਿਆ ਸੀ, ਇਸ ਅਧਿਆਇ ਵਿਚ ਅੱਯੂਬ ਨੇ ਪਰਮੇਸ਼ੁਰ ਨਾਲ ਕੁੜੱਤਣ ਸੀ ਸ਼ਿਕਾਇਤ ਕੀਤੀ, ਜਿਸ ਨੂੰ ਉਸ ਨੇ ਸਮਝਿਆ ਸੀ ਕਿ ਉਸ ਨੇ ਉਹ ਨੂੰ ਛੱਡ ਦਿੱਤਾ ਸੀ। ਉਸ ਨੇ ਆਪਣੇ ਆਪ ਵਿਚ ਗੋੱਲੇ ਜਾਂ ਮਜ਼ੂਰ ਵਰਗਾ ਮਹਿਸੂਸ ਕੀਤਾ ਜੋ ਮਿਹਨਤ ਨਾਲ ਕੰਮ ਕਰਨ ਤੋਂ ਥੱਕ ਗਿਆ ਸੀ (7:1, 2)। ਉਸ ਨੇ ਜੋ ਤੀਬਰ ਪੀੜਾ ਸਹੀ ਸੀ ਉਸ ਨਾਲ ਉਸ ਦੇ ਅੰਦਰ ਅੰਦਰੂਨੀ ਉਥਲ-ਪੁਥਲ ਸੀ (7:4)। ਉਸ ਨੇ ਪਰਮੇਸ਼ੁਰ ਨੂੰ "ਆਦਮੀ ਦੇ ਰਾਖੇ" ਦੇ ਰੂਪ ਵਿਚ ਉਨ੍ਹਾਂ ਨੂੰ ਪਾਪ ਵਿਚ ਫੜਦਿਆਂ ਵੇਖਿਆ। ਉਹ ਸਜ਼ਾ ਲਈ ਇਕ "ਨਿਸ਼ਾਨਾ" ਜਾਪਦਾ ਸੀ (7:20)।

ਇਹ ਕੁੜੱਤਣ ਅਧਿਆਇ 9 ਵਿਚ ਪਰਮੇਸ਼ੁਰ ਦੇ ਸਾਹਮਣੇ ਉਸ ਦੀ ਆਪਣੀ ਬੇਵਸੀ ਦੇ ਵਧੇਰੇ ਸਪੱਸ਼ਟ ਕਥਨ ਵਿਚ ਬਦਲ ਗਈ, ਜਿਸ ਨੂੰ ਉਸ ਨੇ ਅਨਿਆਈ ਸਮਝਿਆ ਸੀ। ਉਹ ਸਮਝ ਗਿਆ ਸੀ ਕਿ ਕੋਈ ਵੀ ਅਸਲ ਵਿਚ ਜੀਵਨ ਦੇ ਅਰਥਾਂ ਦੇ ਜਵਾਬ ਪ੍ਰਦਾਨ ਕਰਨ ਲਈ ਪਰਮੇਸ਼ੁਰ ਨੂੰ ਚੁਣੌਤੀ ਨਹੀਂ ਦੇ ਸਕਦਾ (9:32)।

ਫਿਰ ਵੀ, ਅੱਯੂਬ ਨੇ ਪਰਮੇਸ਼ੁਰ ਦੇ ਅੱਗੇ ਬੇਨਤੀ ਕੀਤੀ। ਅਧਿਆਇ 10 ਵਿਚ, ਉਸ ਨੇ ਪਰਮੇਸ਼ੁਰ ਨੂੰ ਆਪਣਾ ਸਿਰਜਣਹਾਰ ਮੰਨਿਆ (10:8)। ਉਹ ਜਾਣਦਾ ਸੀ ਕਿ ਪਰਮੇਸ਼ੁਰ ਨੇ ਉਸ ਨੂੰ "ਜੀਵਨ ਤੇ ਦਯਾ" ਬਖ਼ਸ਼ੀ ਸੀ ਅਤੇ ਉਸ ਦੀ "ਨਿਗਾਹਬਾਨੀ ਨੇ [ਉਸ ਦੀ] ਆਤਮਾ ਦੀ ਪਾਲਨਾ ਕੀਤੀ [ਸੀ]" (10:12)। ਅੱਯੂਬ ਸਿਰਫ ਪਰਮੇਸ਼ੁਰ ਕੋਲੋਂ "ਥੋੜੀ ਜਿਹੀ ਸ਼ਾਂਤੀ" ਚਾਹੁੰਦਾ ਸੀ (10:20)।

ਇਹ ਪਾਪ ਅਤੇ ਦੁੱਖਾਂ ਦੇ ਉਨ੍ਹਾਂ ਰਵਾਇਤੀ ਸਿੱਖਿਆਵਾਂ ਦੀ ਅਸਫ਼ਲਤਾ ਬਾਰੇ ਅੱਯੂਬ ਦੇ ਵਿਚਾਰ-ਵਟਾਂਦਰੇ ਵੱਲ ਲੈ ਗਏ ਜਿਨ੍ਹਾਂ ਦਾ ਸਮਰਥਨ ਉਸ ਦੇ ਮਿੱਤਰਾਂ ਦੁਆਰਾ ਕੀਤਾ ਗਿਆ ਸੀ ਅਤੇ ਅੱਯੂਬ ਦੇ ਆਪਣੇ ਦੁੱਖ ਤੋਂ ਪਹਿਲਾਂ ਖੁਦ ਅੱਯੂਬ ਵੀ ਉਨ੍ਹਾਂ ਸਿਧਾਂਤਾਂ ਨੂੰ ਮੰਨਦਾ ਸੀ (ਅਧਿਆਇ 12; 13)। ਉਸ ਨੇ ਮਿੱਤਰਾਂ ਤੇ "ਨਿਕੰਮੇ ਵੈਦ" ਹੋਣ ਦਾ ਦੋਸ਼ ਲਾਇਆ (13:4)। ਉਹ ਅਜਿਹੇ ਉਪਚਾਰ ਪੇਸ਼ ਕਰ ਰਹੇ ਸਨ ਜੋ ਅੱਯੂਬ ਦੀ "ਬਿਮਾਰੀ" ਤੇ ਲਾਗੂ ਨਹੀਂ ਹੋਏ।

ਆਸਾਂ ਅਤੇ ਡਰਾਂ ਨਾਲ ਨਜਿੱਠਣ ਵਾਲੇ ਅਗਲੇ ਅਧਿਆਇ (ਅਧਿਆਇ 14) ਵਿਚ, ਅੱਯੂਬ ਨੇ ਪਹਿਲੀ ਵਾਰ ਆਸ ਦੀ ਇਕ ਕਿਰਨ ਦਿਖਾਈ। ਇਕ ਰੁੱਖ ਦੇ ਉਦਾਹਰਣ ਦੀ ਵਰਤੋਂ ਕਰਦਿਆਂ ਜਿਹੜਾ ਕੱਟਿਆ ਜਾਂਦਾ ਅਤੇ ਫੇਰ ਤੋਂ ਫੁੱਟ ਪੈਂਦਾ ਹੈ (14:7-9), ਉਸ ਨੇ ਪੁੱਛਿਆ, "ਜੇ ਪੁਰਖ ਮਰ ਜਾਵੇ ਤਾਂ ਉਹ ਫੇਰ ਜੀਵੇਗਾ?" (14:14)। ਫਿਰ ਵੀ, ਆਸ ਦੀ ਇਹ ਝਲਕ ਮਿੱਤਰਾਂ ਦੇ ਜਾਂਚ ਅਤੇ ਉਸ ਤੀਬਰ ਪੀੜਾ ਵਿਚ ਛੇਤੀ ਹੀ ਗਾਇਬ ਹੋ ਜਾਣੀ ਸੀ ਜੋ ਉਹ ਝੱਲ ਰਿਹਾ ਸੀ।

ਅਗਲੀ ਵਾਰ ਜਦੋਂ ਅੱਯੂਬ ਬੋਲਿਆ (ਅਧਿਆਇ 16), ਉਸ ਨੇ ਡੂੰਘੀ ਨਿਰਾਸ਼ਾ ਵਿਅਕਤ ਕੀਤੀ। ਰੌਬਿਨਸਨ ਨੇ ਲਿਖਿਆ,

> ਸ਼ਾਨਦਾਰ ਆਸ ਨੂੰ ਸੂਰਜ ਡੁੱਬਣ ਦੇ ਜਲੌ ਦੀ ਤਰ੍ਹਾਂ ਗਾਇਬ ਹੁੰਦੇ ਵੇਖਣਾ, ਅੱਯੂਬ ਨੂੰ ਸੱਚਾਈ ਦੇ ਇੰਨਾ ਨੇੜੇ ਵੇਖਣਾ, ਕੰਬਦੇ ਹੋਏ, ਪਰਮੇਸ਼ੁਰ ਅਤੇ ਅਮਰਤਾਈ ਵਿਚ ਮਸੀਹੀ ਨਿਹਚਾ ਦੇ ਬਿਲਕੁਲ ਕੰਢੇ ਅਤੇ ਫਿਰ ਨਿਰਾਸ਼ਾ ਵਿਚ ਆਪਣੇ ਹੱਥਾਂ ਨੂੰ ਹੇਠਾਂ ਕਰਦੇ ਹੋਏ ਵੇਖਣਾ ਨਿਰਾਸ਼ਾਜਨਕ ਹੈ [ਅਧਿਆਇ 16]। ਪਰ ਇਹੋ ਜ਼ਿੰਦਗੀ ਹੈ, ਇਹ ਤੁਸੀਂ ਅਤੇ ਮੈਂ ਅਤੇ ਸਾਰੀਆਂ ਪੀੜ੍ਹੀਆਂ ਹਾਂ।[4]

ਅਧਿਆਇ 17 ਹੋਰ ਵੀ ਡੂੰਘੀ ਨਿਰਾਸ਼ਾ ਵਿਅਕਤ ਕਰਦਾ ਹੈ ਜਦੋਂ ਅੱਯੂਬ ਨੇ ਪਰਮੇਸ਼ੁਰ ਉੱਤੇ ਉਸ ਨੂੰ "ਲੋਕਾਂ ਲਈ ਅਖਾਣ" ਬਣਾਉਣ ਦਾ ਦੋਸ਼ ਲਾਇਆ ਸੀ (17:6)। ਉਸ ਨੇ ਮਿੱਤਰਾਂ ਨੂੰ ਇਹ ਕਹਿ ਕੇ ਝਿੜਕਿਆ, "ਮੈਨੂੰ ਤੁਹਾਡੇ ਵਿੱਚ ਇੱਕ ਵੀ ਬੁੱਧੀਮਾਨ ਨਾ ਲੱਭੇਗਾ" (17:10)।

ਇਸ ਡੂੰਘੀ ਨਿਰਾਸ਼ਾ ਵਿੱਚੋਂ, ਅੱਯੂਬ ਦੀ ਸੋਚ ਜਲਦੀ ਇਸ ਤੱਥ ਤੱਕ ਵੱਧ ਗਈ ਕਿ ਉਸ ਦੇ ਕੋਲ ਇਕ ਨਿਸਤਾਰਾ ਦੇਣ ਵਾਲਾ ਸੀ ਜੋ ਅੰਤ ਵਿਚ ਉਸ ਨੂੰ ਸਹੀ ਠਹਿਰਾਵੇਗਾ (ਅਧਿਆਇ 19)। ਰੌਬਿਨਸਨ ਨੇ ਇਸ ਨੂੰ ਅੱਯੂਬ ਦੀ ਸਰਵਉੱਚ ਆਸ ਦੇ ਰੂਪ ਵਿਚ ਵੇਖਿਆ (ਚਿੱਤਰ ਵੇਖੋ)। ਉਸ ਨੇ ਕਿਹਾ, "ਇਹ ਬਹੁਤ ਉੱਚਾ ਉੱਡਦਾ ਹੈ ... ਆਸ ਕੀਤੀ ਗਈ ਜਿੱਤ ਦੇ ਜਿੱਤ ਵਾਲੇ ਸੁਰ ਵਿਚ - ਪੁਰਾਣੇ ਨੇਮ ਵਿਚ ਪੌਲੁਸ ਦੇ 'ਧੰਨਵਾਦ ਪਰਮੇਸ਼ੁਰ ਦਾ ਜਿਹੜਾ ਸਾਨੂੰ ਜਿੱਤ ਦਿੰਦਾ ਹੈ' ਦੀ ਸਭ ਤੋਂ ਨਜ਼ਦੀਕੀ ਗੱਲ ਹੈ।"[5]

ਕੋਈ ਸ਼ਾਇਦ ਇਹ ਸੋਚ ਸਕਦਾ ਹੈ ਕਿ ਅੱਯੂਬ ਹੁਣ ਆਪਣੇ ਨਿਆਂ ਦੇ ਲਈ ਖਾਮੋਸ਼ ਆਤਮ ਸਮਰਪਣ ਵਿਚ ਉਡੀਕ ਕਰੇਗਾ। ਰੌਬਿਨਸਨ ਨੇ ਸੁਝਾਅ ਦਿੱਤਾ, "ਇਕ ਆਧੁਨਿਕ ਪੁਸਤਕ ਸ਼ਾਇਦ ਜੇ ਕੁਝ ਹੋਰ ਨਹੀਂ ਤਾਂ ਨਾਟਕੀ ਪ੍ਰਭਾਵ ਦੇ ਲਈ ਅੱਯੂਬ ਦੇ ਸ਼ਬਦਾਂ ਨੂੰ ਇਸ ਉੱਚ ਗੱਲ ਨਾਲ ਖਤਮ ਕਰ ਦੇਵੇਗੀ।"[6] ਪਰ, ਅੱਯੂਬ ਛੇਤੀ ਹੀ ਨਿਰਾਸ਼ਾ ਵਿਚ ਪਰਤ ਆਇਆ ਜਦੋਂ ਉਸ ਨੇ ਇਕ ਅਨੈਤਿਕ ਸੰਸਾਰ ਉੱਤੇ ਵਿਚਾਰ ਕੀਤਾ (ਅਧਿਆਇ 21), ਜਿਸ ਨੂੰ ਰੌਬਿਨਸਨ ਨੇ "ਜ਼ਿੰਦਗੀ ਦੇ ਪ੍ਰਤੀ" ਸੱਚਾ ਦੱਸਿਆ।[7] ਅੱਯੂਬ ਨੇ ਉਨ੍ਹਾਂ ਅਨੈਤਿਕ ਅਮੀਰਾਂ ਉੱਤੇ ਵਿਚਾਰ ਕੀਤਾ ਜੋ ਸ਼ਾਨਦਾਰ ਜ਼ਿੰਦਗੀ ਜੀਉਂਦੇ ਹਨ ਅਤੇ ਸ਼ਾਂਤੀ ਨਾਲ ਮਰਦੇ ਹਨ ਅਤੇ ਉਨ੍ਹਾਂ ਨੂੰ ਸ਼ਾਨਦਾਰ ਕਬਰਾਂ ਵਿਚ ਰੱਖਿਆ ਜਾਂਦਾ ਹੈ। ਇਹ ਤੱਥ ਕਿ ਕੁਝ ਦੁਸ਼ਟ ਲੋਕ ਜ਼ਿੰਦਗੀਭਰ ਖੁਸ਼ਹਾਲ ਹੁੰਦੇ ਹਨ ਤਿੰਨ ਮਿੱਤਰਾਂ ਦੇ ਵਿਚਾਰ ਦੇ ਉਲਟ ਉੱਡ ਜਾਂਦੇ ਹਨ ਕਿ ਉਨ੍ਹਾਂ ਨੂੰ ਇਸ ਜੀਵਨ ਵਿਚ ਸਜ਼ਾ ਦਿੱਤੀ ਜਾਂਦੀ ਹੈ।

23 ਅਤੇ 24 ਅਧਿਆਵਾਂ ਵਿਚ, ਅੱਯੂਬ ਨੇ ਰੱਬੀ ਦੂਰ ਅੰਦੇਸ਼ੀ ਦੇ ਰਹੱਸਾਂ ਤੇ ਵਿਚਾਰ ਕੀਤਾ। ਉਹ ਆਪਣੇ ਮੁਕੱਦਮੇ ਨੂੰ ਪਰਮੇਸ਼ੁਰ ਦੇ ਸਾਹਮਣੇ ਪੇਸ਼ ਕਰਨ ਦੀ ਇੱਛਾ ਰੱਖਦੇ ਹੋਏ, ਪਰਮੇਸ਼ੁਰ ਦੇ ਲਈ ਤਰਸ ਗਿਆ। ਉਹ ਸਮਝ ਨਹੀਂ ਪਾ ਰਿਹਾ ਸੀ ਕਿ ਦੁਸ਼ਟ ਲੋਕ ਚੋਰੀ ਕਰਕੇ ਅਤੇ ਅਨਾਥਾਂ ਅਤੇ ਵਿਧਵਾਵਾਂ ਨਾਲ ਬਦਸਲੂਕੀ ਕਰਕੇ ਕਿਵੇਂ ਸਜ਼ਾ ਤੋਂ ਬਚ ਸਕਦੇ ਸਨ। ਉਹ ਹੈਰਾਨ ਹੋਇਆ ਕਿ "ਪਰਮੇਸ਼ੁਰ ਮੂਰਖਤਾਈ ਵੱਲ ਧਿਆਨ ਕਿਉਂ ਨਹੀਂ ਦਿੰਦਾ" (24:12)।

ਅਧਿਆਇ 26 ਵਿਚ, ਅੱਯੂਬ ਨੇ ਇਕ ਵਾਰ ਫੇਰ ਮਿੱਤਰਾਂ ਨੂੰ ਝਿੜਕਿਆ (26:2-4) ਅਤੇ ਪਰਮੇਸ਼ੁਰ ਦੀ ਮਹਾਨਤਾ ਨੂੰ ਸਵੀਕਾਰ ਕੀਤਾ। ਇਹ ਉਹ ਹੈ ਜਿਹੜਾ "ਉੱਤਰ ਦੇਸ ਨੂੰ ਵੇਹਲੇ ਥਾਂ ਉੱਤੇ ਫੈਲਾਉਂਦਾ ਹੈ, ਉਹ ਧਰਤੀ ਨੂੰ ਬਿਨਾ ਸਹਾਰੇ ਦੇ ਲਟਕਾਉਂਦਾ ਹੈ" (26:7)। ਪਰਮੇਸ਼ੁਰ ਨੇ "ਰਾਹਾਬ ਨੂੰ ਮਾਰ ਸੁੱਟਿਆ" ਅਤੇ "ਉਡਣੇ ਸੱਪ ਨੂੰ ਵਿੰਨ੍ਹ ਸੁੱਟਿਆ" (26:12, 13)। "ਅਸੀਂ ਉਹ ਦੀ ਕਿੰਨੀ ਹੌਲੀ ਅਵਾਜ਼ ਸੁਣਦੇ ਹਾਂ!" (26:14)।

27 ਤੋਂ 31 ਅਧਿਆਵਾਂ ਵਿਚ, ਅੱਯੂਬ ਨੇ ਬਿਨਾ ਰੁਕੇ ਤਿੰਨ ਮਿੱਤਰਾਂ ਨਾਲ ਗੱਲ ਕਰਨਾ ਜਾਰੀ ਰੱਖਿਆ। ਅਧਿਆਇ 27 ਵਿਚ, ਉਸ ਨੇ ਦੁਸ਼ਟ ਲੋਕਾਂ ਦੇ ਵਿਨਾਸ਼ ਦੀ ਗੱਲ ਕੀਤੀ। ਅਧਿਆਇ 28 ਇਹ ਕਹਿੰਦੇ ਹੋਏ ਬੁੱਧ ਦੀ ਪ੍ਰਸ਼ੰਸਾ ਕਰਦਾ ਹੈ, "ਪ੍ਰਭੂ ਦਾ ਭੈ, ਉਹੀ ਬੁੱਧ ਹੈ, ਅਤੇ ਬਦੀ ਤੋਂ ਦੂਰ ਰਹਿਣਾ, ਸਮਝ ਹੈ" (28:28)। ਅਧਿਆਇ 29 ਵਿਚ, ਅੱਯੂਬ ਨੇ ਆਪਣੇ ਸ਼ਾਨਦਾਰ ਅਤੀਤ ਨੂੰ ਯਾਦ ਕੀਤਾ। ਅਧਿਆਇ 30 ਵਿਚ, ਉਸ ਨੇ ਉਸ ਅਤੀਤ ਦੀ ਤੁਲਨਾ ਉਸ ਵਰਤਮਾਨ ਅਪਮਾਨ ਨਾਲ ਕੀਤੀ ਜੋ ਉਸ ਤੋਂ ਛੋਟਿਆਂ ਨੇ ਉਸ ਦਾ ਕੀਤਾ ਸੀ "ਜਿਨ੍ਹਾਂ ਦੇ ਪਿਉ ਦਾਦਿਆਂ ਨੇ [ਉਸ ਨੇ] ਰੱਦ ਕੀਤਾ ਸੀ ਭਈ ਓਹ [ਉਸ ਦੇ] ਇੱਜੜ ਦੇ ਕੁੱਤਿਆਂ ਨਾਲ ਨਾ ਬੈਠਣ" (30:1)।

ਅਧਿਆਇ 31 ਵਿਚ ਅੱਯੂਬ ਦੇ ਸ਼ਬਦ ਪੁਰਾਣੇ ਨੇਮ ਵਿਚ ਪਾਏ ਜਾਣ ਵਾਲੇ ਨੈਤਿਕ ਜੀਵਨ ਦੇ ਸਭ ਤੋਂ ਮਹਾਨ ਕਥਨਾਂ ਦੇ ਨਾਲ ਸਮਾਪਤ ਹੁੰਦੇ ਹਨ। ਰੌਬਿਨਸਨ ਨੇ ਟਿੱਪਣੀ ਕੀਤੀ,

> ਇਹ ਨਾ ਸਿਰਫ ਅੱਯੂਬ ਦੀ ਵੱਲੋਂ ਬੇਗੁਨਾਹੀ ਦੀ ਇਕ ਗੰਭੀਰ ਘੋਸ਼ਣਾ ਹੈ, ਬਲਕਿ ਉਨ੍ਹਾਂ ਸਮਾਜਿਕ ਅਤੇ ਧਾਰਮਿਕ ਕਰਤੱਵਾਂ ਦਾ ਸਾਰਾਂਸ਼ ਹੈ, ਜਿਸ ਦੇ ਪ੍ਰਦਰਸ਼ਨ ਨੇ ਉਸ ਨੂੰ ਉਸ ਯੁੱਗ ਦਾ "ਚੰਗਾ ਆਦਮੀ" ਬਣਾ ਦਿੱਤਾ। ਇਹ ਸਹੀ ਕਿਹਾ ਗਿਆ ਹੈ ਕਿ "ਜੇ ਅਸੀਂ ਪੁਰਾਣੇ ਨੇਮ ਦੇ ਨੈਤਿਕ ਕਰਤੱਵਾਂ ਦਾ ਸਾਰ ਚਾਹੁੰਦੇ ਹਾਂ, ਤਾਂ ਇਹ ਅੱਯੂਬ ਦੇ ਇਕਾਂਤ ਵਿਚ ਬਿਹਤਰ

ਪਾਇਆ ਜਾ ਸਕਦਾ ਹੈ ਜਦੋਂ ਉਹ ਦਸ ਹੁਕਮਾਂ ਦੀ ਤੁਲਨਾ ਵਿਚ ਆਪਣੇ ਮਿੱਤਰਾਂ ਤੋਂ ਮੂੰਹ ਮੋੜ ਲੈਂਦਾ ਹੈ ਅਤੇ ਆਪਣੇ ਪਿਛਲੇ ਜੀਵਨ ਦੀ ਸਮੀਖਿਆ ਕਰਦਾ ਹੈ।"[8]

ਜਦ ਕਿ ਮੈਂ ਰੌਬਿਨਸਨ ਨਾਲ ਇਸਰਾਏਲ ਨੂੰ ਦਸ ਹੁਕਮ ਦੇਣ ਵਿਚ ਪਰਮੇਸ਼ੁਰ ਦੇ ਵਿਰੁੱਧ ਅੱਯੂਬ ਦੇ ਬਿਆਨ ਨਾਲ ਸਹਿਮਤ ਨਹੀਂ ਹਾਂ, ਮੈਂ ਸਮਝਦਾ ਹਾਂ ਕਿ ਅੱਯੂਬ ਦਾ ਬਿਆਨ ਇਕ ਪ੍ਰਕਾਰ ਦਾ ਜੀਵਨ ਹੈ ਜੋ ਪਰਮੇਸ਼ੁਰ ਨੂੰ ਪ੍ਰਸੰਨ ਕਰਦਾ ਹੈ।

---

## ਟਿੱਪਣੀਆਂ

[1]ਐਚ. ਵੀਹਲਰ ਰੌਬਿਨਸਨ, *ਦ ਕਰੌਸ ਇਨ ਦ ਓਲਡ ਟੈਸਟਾਮੈਂਟ* (ਲੰਡਨ: ਐਸਸੀਐਮ ਪ੍ਰੈਸ, ਲਿਮਿਟਡ, 1955)। [2]ਉਸੇ ਸਥਾਨ ਤੇ, 25. [3]ਉਸੇ ਸਥਾਨ ਤੇ, 14. [4]ਉਸੇ ਸਥਾਨ ਤੇ, 26. [5]ਉਸੇ ਸਥਾਨ ਤੇ, 28. [6]ਉਸੇ ਸਥਾਨ ਤੇ, 29. [7]ਉਸੇ ਸਥਾਨ ਤੇ। [8]ਉਸੇ ਸਥਾਨ ਤੇ, 30.